# USDA ਵੱਲੋਂ ਵਿਤਕਰਾ ਵਿੱਤੀ ਸਹਾਇਤਾ ਪ੍ਰੋਗਰਾਮ ਲਈ ਅਰਜ਼ੀ ਦੇਣ ਦੀ ਸਮੇਂ-ਸੀਮਾਂ 13 ਜਨਵਰੀ ਤੱਕ ਵਧਾਈ ਗਈ

**ਵੱਧ ਤੋਂ ਵੱਧ ਪਹੁੰਚ ਨੂੰ ਯਕੀਨੀ ਬਣਾਉਣ ਲਈ ਡਿਪਾਰਟਮੈਂਟ ਦੁਆਰਾ ਹਿੱਸੇਦਾਰਾਂ ਦੇ ਫੀਡਬੈਕ ਨੂੰ ਸ਼ਾਮਲ ਕੀਤਾ ਗਿਆ**

**ਵਾਸ਼ਿੰਗਟਨ, 22 ਸਤੰਬਰ, 2023** – ਯੋਗ ਕਿਸਾਨਾਂ, ਪਸ਼ੂ ਪਾਲਕਾਂ, ਅਤੇ ਜੰਗਲ ਵਿੱਚ ਜ਼ਮੀਨ ਮਾਲਕਾਂ ਨੂੰ ਸਹਾਇਤਾ ਲਈ ਅਰਜ਼ੀ ਦੇਣ ਵਾਸਤੇ ਹੋਰ ਸਮਾਂ ਦੇਣ ਲਈ, ਯੂ.ਐੱਸ. ਡਿਪਾਰਟਮੈਂਟ ਆਫ਼ ਐਗ੍ਰਿਕਲਚਰ ਵਿਤਕਰਾ ਵਿੱਤੀ ਸਹਾਇਤਾ ਪ੍ਰੋਗਰਾਮ ਲਈ ਸਮੇਂ-ਸੀਮਾਂ ਨੂੰ 13 ਜਨਵਰੀ, 2024 ਤੱਕ ਵਧਾ ਰਿਹਾ ਹੈ। ਅਸਲ ਸਮੇਂ-ਸੀਮਾਂ 31 ਅਕਤੂਬਰ, 2023 ਤੱਕ ਸੀ।

ਸਮੇਂ-ਸੀਮਾਂ ਵਿੱਚ ਇਹ ਵਾਧਾ ਸੰਭਾਵੀ ਬਿਨੈਕਾਰਾਂ, ਗੈਰ-ਸਰਕਾਰੀ ਪ੍ਰੋਗਰਾਮ ਪ੍ਰਬੰਧਕਾਂ ਅਤੇ ਯੋਗ ਵਿਅਕਤੀਆਂ ਨੂੰ ਸੂਚਿਤ ਅਤੇ ਉਨ੍ਹਾਂ ਦੀ ਸਹਾਇਤਾ ਕਰਨ ਲਈ USDA ਨਾਲ ਰੱਲ ਕੇ ਕੰਮ ਕਰਨ ਵਾਲੀਆਂ ਕਮਿਊਨਿਟੀ-ਆਧਾਰਿਤ ਸੰਸਥਾਵਾਂ ਤੋਂ ਪ੍ਰਾਪਤ ਫੀਡਬੈਕ ਵੱਲ ਜਵਾਬਦੇਹ ਹੈ। ਨਵੀਂ ਸਮੇਂ-ਸੀਮਾਂ ਸਿੱਧੀ ਤਕਨੀਕੀ ਸਹਾਇਤਾ ਅਤੇ ਸਿਖਲਾਈ ਸੈਸ਼ਨਾਂ ਦੇ ਜ਼ਰੀਏ ਕਿਸਾਨਾਂ, ਪਸ਼ੂ ਪਾਲਕਾਂ, ਅਤੇ ਜੰਗਲ ਵਿੱਚ ਜ਼ਮੀਨ ਮਾਲਕਾਂ ਤੱਕ ਪਹੁੰਚਣ ਅਤੇ ਉਨ੍ਹਾਂ ਦੀ ਸਹਾਇਤਾ ਕਰਨ ਲਈ ਹੋਰ ਸਮਾਂ ਦੇਵੇਗੀ। ਇਹ ਵਾਧਾ ਇਹ ਵੀ ਯਕੀਨੀ ਬਣਾਏਗਾ ਕਿ ਹਰ ਕਿਸੇ ਨੂੰ ਅਰਜ਼ੀ ਦੇਣ ਲਈ ਪਰਯਾਪਤ ਸਮਾਂ ਮਿਲਦਾ ਹੈ, ਜਿਸ ਵਿੱਚ ਉਹ ਉਤਪਾਦਕ ਸ਼ਾਮਲ ਹਨ ਜਿਨ੍ਹਾਂ ਦੀ ਫਸਲ ਦੀ ਕਟਾਈ ਦਾ ਮੌਸਮ ਅਰਜ਼ੀ ਦੇਣ ਦੀ ਅਸਲ ਮਿਆਦ ਦੇ ਦੌਰਾਨ ਆਉਂਦਾ ਹੈ।

"USDA ਇਹ ਜਾਣਦਾ ਹੈ ਕਿ ਉਸਦੇ ਲਈ ਕਿਸਾਨਾਂ, ਪਸ਼ੂ ਪਾਲਕਾਂ, ਅਤੇ ਜੰਗਲ ਵਿੱਚ ਜ਼ਮੀਨ ਮਾਲਕਾਂ ਦਾ ਭਰੋਸਾ ਹਾਸਿਲ ਕਰਨਾ ਜ਼ਰੂਰੀ ਹੈ ਜੋ ਇਸ ਪ੍ਰੋਗਰਾਮ ਲਈ ਯੋਗ ਹਨ। ਇਹ ਵਿਤਕਰਾ ਵਿੱਤੀ ਸਹਾਇਤਾ ਪ੍ਰੋਗਰਾਮ ਵਿੱਚ ਪਾਰਦਰਸ਼ਤਾ ਨੂੰ ਮਹੱਤਵਪੂਰਨ ਬਣਾਉਂਦਾ ਹੈ," ਖੇਤੀਬਾੜੀ ਸਕੱਤਰ ਟੌਮ ਵਿਲਸੈਕ ਨੇ ਕਿਹਾ। "ਇਸ ਜਜ਼ਬੇ ਦੇ ਨਾਲ, ਉਨ੍ਹਾਂ ਸੰਸਥਾਵਾਂ ਤੋਂ ਫੀਡਬੈਕ ਪ੍ਰਾਪਤ ਕਰਨ ਤੋਂ ਬਾਅਦ, ਜੋ ਅਰਜ਼ੀ ਦੇਣ ਦੀ ਪਰਕਿਰਿਆ ਦੇ ਦੌਰਾਨ ਉਤਪਾਦਕਾਂ ਦਾ ਸਮਰਥਨ ਕਰ ਰਹੀਆਂ ਹਨ, ਅਸੀਂ ਸਮੇਂ-ਸੀਮਾਂ ਨੂੰ ਵਧਾਉਣ ਦਾ ਫੈਸਲਾ ਕੀਤਾ ਹੈ। ਸਾਡਾ ਮੰਨਣਾ ਹੈ ਕਿ ਇਹ ਕੀਤੀ ਜਾਣ ਵਾਲੀ ਮੁਨਾਸਬ ਕਾਰਵਾਈ ਹੈ ਜੋ ਇਹ ਯਕੀਨੀ ਬਣਾਏਗੀ ਕਿ ਅਰਜ਼ੀ ਦੇਣ ਦੇ ਚਾਹਵਾਨ ਸਾਰੇ ਯੋਗ ਵਿਅਕਤੀਆਂ ਨੂੰ ਪ੍ਰੋਗਰਾਮ ਬਾਰੇ ਢੁਕਵੀਂ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਕੋਲ ਕੋਈ ਵੀ ਲੋੜੀਂਦੀ ਸਹਾਇਤਾ ਪ੍ਰਾਪਤ ਕਰਨ ਦਾ ਮੌਕਾ ਹੈ।"

7 ਜੁਲਾਈ ਨੂੰ ਵਿੱਤੀ ਸਹਾਇਤਾ ਅਰਜ਼ੀ ਪਰਕਿਰਿਆ ਸ਼ੁਰੂ ਹੋਣ ਤੋਂ ਬਾਅਦ, ਵਿਤਕਰਾ ਵਿੱਤੀ ਸਹਾਇਤਾ ਪ੍ਰੋਗਰਾਮ ਦੀ ਟੀਮ ਨੇ ਇੱਕ ਦੇਸ਼ ਵਿਆਪੀ ਪਹੁੰਚ ਮੁਹਿੰਮ ਸ਼ੁਰੂ ਕੀਤੀ ਹੈ ਅਤੇ ਤੇਜ਼ੀ ਨਾਲ 26 ਰਾਜਾਂ ਵਿੱਚ 30 ਸਥਾਨਕ ਦਫ਼ਤਰ

ਖੋਲ੍ਹੇ ਹਨ। ਖੇਤਰੀ ਪ੍ਰਬੰਧਕਾਂ ਨੇ ਪੂਰੇ ਦੇਸ਼ ਵਿੱਚ 600 ਵਰਚੁਅਲ ਅਤੇ ਵਿਅਕਤੀਗਤ ਇਵੈਂਟਸ ਕਰਵਾਏ ਹਨ। ਸਹਿਯੋਗੀਆਂ ਨੇ ਵੀ ਆਪਣੇ ਖ਼ਾਸ ਨੈੱਟਵਰਕਾਂ ਨੂੰ ਸਿੱਖਿਅਤ ਕਰਦੇ ਹੋਏ ਇਨ੍ਹਾਂ ਕੋਸ਼ਿਸ਼ਾਂ ਵਿੱਚ ਮਦਦ ਕਰਨ ਲਈ ਬਹੁਤ ਸਾਰੇ ਵਰਚੁਅਲ ਅਤੇ ਵਿਅਕਤੀਗਤ ਇਵੈਂਟਸ ਕਰਵਾਏ ਹਨ। ਡਿਜੀਟਲ, ਪ੍ਰਿੰਟ ਅਤੇ ਰੇਡੀਓ ਚੈਨਲਾਂ ’ਤੇ ਸੰਭਾਵੀ ਯੋਗ ਵਿਅਕਤੀਆਂ ਅਤੇ ਪੇਂਡੂ ਕਮਿਊਨਿਟੀਆਂ ’ਤੇ ਕੇਂਦ੍ਰਿਤ ਵਿਗਿਆਪਨ ਵੀ ਦਿੱਤੇ ਜਾ ਰਹੇ ਹਨ। ਇਨ੍ਹਾਂ ਕੋਸ਼ਿਸ਼ਾਂ ਰਾਹੀਂ ਪ੍ਰੋਗਰਾਮ ਦਾ ਸਟਾਫ ਕਈ ਸੰਭਾਵੀ ਬਿਨੈਕਾਰਾਂ ਤੱਕ ਸਫਲਤਾਪੂਰਵਕ ਪਹੁੰਚਿਆ ਹੈ ਅਤੇ ਨਵੀਂ, ਵਧੀ ਹੋਈ ਸਮੇਂ-ਸੀਮਾਂ ਦੇ ਨਾਲ ਇਸ ਵਿੱਚ ਹੋਰ ਵਾਧਾ ਹੋਵੇਗਾ।

ਇਹ ਪ੍ਰੋਗਰਾਮ ਮਹਿੰਗਾਈ ਕਟੌਤੀ ਐਕਟ ਦੇ ਦਾ ਸੈਕਸ਼ਨ 22007 ਦੇ ਤਹਿਤ ਸੇਵਾ ਪ੍ਰਦਾਨ ਕਰਦਾ ਹੈ, ਜੋ ਉਨ੍ਹਾਂ ਕਿਸਾਨਾਂ, ਪਸ਼ੂ ਪਾਲਕਾਂ, ਅਤੇ ਜੰਗਲ ਵਿੱਚ ਜ਼ਮੀਨ ਮਾਲਕਾਂ ਲਈ ਵਿੱਤੀ ਸਹਾਇਤਾ ਮੁਹੱਈਆ ਕਰਦਾ ਹੈ ਜਿਨ੍ਹਾਂ ਨੇ ਜਨਵਰੀ, 2021 ਤੋਂ ਪਹਿਲਾਂ USDA ਦੇ ਖੇਤੀ ਉਧਾਰ ਪ੍ਰੋਗਰਾਮਾਂ ਵਿੱਚ ਵਿਤਕਰੇ ਦਾ ਅਨੁਭਵ ਕੀਤਾ ਸੀ। ਕਾਂਗਰਸ ਨੇ ਇਸ ਪ੍ਰੋਗਰਾਮ ਲਈ ਕੁੱਲ $2.2 ਬਿਲੀਅਨ ਮੁਹੱਈਆ ਕਰਵਾਏ ਸਨ। ਇਸ ਪ੍ਰੋਗਰਾਮ ਦੇ ਜ਼ਰੀਏ ਵਿਅਕਤੀਆਂ ਨੂੰ ਦਿੱਤੀ ਜਾਣ ਵਾਲੀ ਰਕਮ ਯੋਗ ਬਿਨੈਕਾਰਾਂ ਦੀ ਸੰਖਿਆ ਅਤੇ ਵਿਤਕਰੇ ਦੇ ਨਤੀਜਿਆਂ ’ਤੇ ਨਿਰਭਰ ਕਰੇਗੀ। ਯੋਗ ਵਿਅਕਤੀਆਂ ਕੋਲ ਆਨਲਾਈਨ ਅਰਜ਼ੀ ਦੇਣ ਜਾਂ ਕਾਗਜ਼ੀ ਫ਼ਾਰਮ ਡਾਕ ਰਾਹੀਂ ਜਮ੍ਹਾਂ ਕਰਨ ਜਾਂ ਪ੍ਰੋਗਰਾਮ ਦੇ ਸਥਾਨਕ ਦਫ਼ਤਰਾਂ ਵਿੱਚ ਵਿਅਕਤੀਗਤ ਤੌਰ ’ਤੇ ਪਹੁੰਚਾਉਣ ਦਾ ਵਿਕਲਪ ਹੈ। ਬਿਨੈਕਾਰਾਂ ਨੂੰ ਅਟਾਰਨੀ ਰੱਖਣ ਦੀ ਲੋੜ ਨਹੀਂ ਹੈ ਅਤੇ ਉਨ੍ਹਾਂ ਨੂੰ ਸੰਭਾਵੀ ਘੁਟਾਲਿਆਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਸਾਵਧਾਨੀ ਵਰਤਣੀ ਚਾਹੀਦੀ ਹੈ।

ਅਰਜ਼ੀ ਦੇਣ ਦੀ ਸਮੇਂ-ਸੀਮਾਂ ਵਿੱਚ ਬਦਲਾਅ ਤੋਂ ਇਲਾਵਾ, ਅਰਜ਼ੀਆਂ ਵਿੱਚ ਵਰਤਣ ਲਈ USDA ਦੀ ਫਾਰਮ ਸਰਵਿਸ ਏਜੰਸੀ ਤੋਂ ਰਿਕਾਰਡਾਂ ਲਈ ਬੇਨਤੀ ਕਰਨ ਦੀ ਸਮੇਂ-ਸੀਮਾਂ ਸ਼ੁੱਕਰਵਾਰ, 3 ਨਵੰਬਰ, 2023 ਤੱਕ ਵਧਾ ਦਿੱਤੀ ਗਈ ਹੈ। ਅਰਜ਼ੀ ਦੀ ਪਰਕਿਰਿਆ ਇਸ ਤਰ੍ਹਾਂ ਤਿਆਰ ਕੀਤੀ ਗਈ ਸੀ ਤਾਂ ਜੋ FSA ਰਿਕਾਰਡਾਂ ਦੀ ਲੋੜ ਨਾ ਪਵੇ, ਹਾਲਾਂਕਿ ਜੇਕਰ ਢੁੱਕਵੇਂ ਰਿਕਾਰਡ ਉਪਲਬਧ ਹਨ ਤਾਂ ਉਹ ਵਾਧੂ ਸਬੂਤ ਦੇ ਤੌਰ ’ਤੇ ਅਰਜ਼ੀ ਨਾਲ ਨੱਥੀ ਕੀਤੇ ਜਾਣ ਚਾਹੀਦੇ ਹਨ।

ਵਿਤਕਰਾ ਵਿੱਤੀ ਸਹਾਇਤਾ ਪ੍ਰੋਗਰਾਮ ਬਾਰੇ ਹੋਰ ਜਾਣਨ ਜਾਂ ਅੰਗਰੇਜ਼ੀ ਜਾਂ ਸਪੈਨਿਸ਼ ਵਿੱਚ ਸਹਾਇਤਾ ਪ੍ਰਾਪਤ ਕਰਨ ਲਈ, www.22007apply.gov ’ਤੇ ਜਾਓ, info@22007apply.gov ’ਤੇ ਈਮੇਲ ਕਰੋ ਜਾਂ, ਸੰਘੀ ਛੁੱਟੀਆਂ ਨੂੰ ਛੱਡ ਕੇ ਹਰ ਦਿਨ, ਸਵੇਰੇ 8 ਵਜੇ ET ਤੋਂ ਰਾਤ 8 ਵਜੇ PT ਤੱਕ 1-800-721-0970 ’ਤੇ ਨੈਸ਼ਨਲ ਕਾਲ ਸੈਂਟਰ ਨਾਲ ਸੰਪਰਕ ਕਰੋ। ਜੇਕਰ ਤੁਸੀਂ ਸੰਚਾਰ ਕਰਨ ਲਈ ਸੰਕੇਤਕ ਭਾਸ਼ਾ ਦੀ ਵਰਤੋਂ ਕਰਦੇ ਹੋ, ਤਾਂ ਤੁਸੀਂ ਕਾਲ ਕਰਨ ਲਈ 711 ਰੀਲੇਅ ਸੇਵਾ ਦੀ ਵਰਤੋਂ ਕਰ ਸਕਦੇ ਹੋ। ਜੇਕਰ ਤੁਸੀਂ ਅਸਮਰੱਥ ਹੋ ਅਤੇ ਤੁਹਾਨੂੰ ਕਿਸੇ ਹੋਰ ਲਿਹਾਜ਼ ਦੀ ਲੋੜ ਹੈ ਤਾਂ ਤੁਸੀਂ ਨੈਸ਼ਨਲ ਕਾਲ ਸੈਂਟਰ ਵਿੱਚ ਈਮੇਲ ਜਾਂ ਉਨ੍ਹਾਂ ਨਾਲ ਸੰਪਰਕ ਵੀ ਕਰ ਸਕਦੇ ਹੋ। ਪ੍ਰੋਗਰਾਮ, ਵਸੀਲਿਆਂ, ਹਾਲ ਹੀ ਵਿੱਚ ਦਫ਼ਤਰ ਵਿੱਚ ਨੌਕਰੀ ਦੇ ਮੌਕਿਆਂ ਅਤੇ ਪੂਰੇ ਦੇਸ਼ ਵਿੱਚ ਸਧਾਨਕ ਇਵੈਂਟਸ ਬਾਰੇ ਜਾਣਕਾਰੀ ਇੱਕ ਹਫ਼ਤਾਵਾਰ ਈ-ਨਿਊਜ਼ਲੈਟਰਰਾਹੀਂ ਵੀ ਉਪਲਬਧ ਹੈ।

ਨਿਰਪੱਖਤਾ ਲਈ USDA ਦੀ ਵਚਨਬੱਧਤਾ ਡਿਪਾਰਟਮੈਂਟ ਦੇ ਮਿਸ਼ਨ ਖੇਤਰਾਂ ਅਤੇ ਏਜੰਸੀਆਂ ਵਿੱਚ ਮੌਜੂਦ ਹੈ। ਅਸੀਂ ਇੱਕ ਅਜਿਹਾ USDA ਬਣਾਉਣ ਲਈ ਸਕ੍ਰਿਆ ਤੌਰ ’ਤੇ ਕੰਮ ਕਰ ਰਹੇ ਹਾਂ ਜੋ ਇਹ ਯਕੀਨੀ ਬਣਾਏਗਾ ਕਿ ਸਾਡੇ ਕਿਸੇ ਵੀ ਗਾਹਕ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਂਦਾ ਜਾਂ ਪਿੱਛੇ ਨਹੀਂ ਛੱਡਿਆ ਜਾਂਦਾ। ਵਿਤਕਰਾ ਵਿੱਤੀ ਸਹਾਇਤਾ ਪ੍ਰੋਗਰਾਮ ਉਨ੍ਹਾਂ ਕਈ ਪ੍ਰੋਗਰਾਮਾਂ ਵਿੱਚੋਂ ਇੱਕ ਹੈ ਜੋ ਭਰੋਸਾ ਮੁੜ ਸਥਾਪਿਤ ਕਰਨ, ਪ੍ਰਣਾਲੀਗਤ ਸਮੱਸਿਆਵਾਂ ਨੂੰ ਸੁਲਝਾਉਣ ਅਤੇ ਉਨ੍ਹਾਂ ਲੋਕਾਂ ਦੀ ਸੇਵਾ ਵਿੱਚ ਸੁਧਾਰ ਕਰਨ ਵਿੱਚ USDA ਦੀ ਮਦਦ ਕਰ ਰਹੇ ਹਨ ਜਿਨ੍ਹਾਂ ਨੂੰ ਅਤੀਤ ਵਿੱਚ USDA ਵੱਲੋਂ ਘੱਟ ਸੇਵਾ ਪ੍ਰਾਪਤ ਹੋਈ ਹੈ। USDA ਦੇ ਨਿਰਪੱਖ ਕੰਮ ਅਤੇ ਵਸੀਲਿਆਂ ਬਾਰੇ ਹੋਰ ਜਾਣਨ ਲਈ, www.usda.gov/equity ’ਤੇ ਜਾਓ।

USDA ਹਰ ਰੋਜ਼ ਬਹੁਤ ਸਾਰੇ ਸਕਾਰਾਤਮਕ ਤਰੀਕਿਆਂ ਨਾਲ ਸਾਰੇ ਅਮਰੀਕੀਆਂ ਦੀ ਜ਼ਿੰਦਗੀ ’ਤੇ ਅਸਰ ਪਾਉਂਦਾ ਹੈ। ਬਾਇਡੇਨ-ਹੈਰਿਸ ਪ੍ਰਸ਼ਾਸਨ ਦੇ ਅਧੀਨ, USDA ਵਧੇਰੇ ਲਚਕੀਲੇ ਸਥਾਨਕ ਅਤੇ ਖੇਤਰੀ ਭੋਜਨ ਉਤਪਾਦਨ, ਸਾਰੇ ਉਤਪਾਦਕਾਂ ਲਈ ਵਧੇਰੇ ਨਿਰਪੱਖ ਬਜ਼ਾਰਾਂ, ਸਾਰੀਆਂ ਕਮਿਊਨਿਟੀਆਂ ਵਿੱਚ ਸੁਰੱਖਿਅਤ, ਸਿਹਤਮੰਦ ਅਤੇ ਪੌਸ਼ਟਿਕ ਭੋਜਨ ਤੱਕ ਪਹੁੰਚ ਯਕੀਨੀ ਬਣਾਉਣ, ਮੌਸਮ ਦੇ ਮੁਤਾਬਕ ਭੋਜਨ ਅਤੇ ਜੰਗਲਾਤ ਦੀਆਂ ਸਮਾਰਟ ਪੱਧਤੀਆਂ ਨੂੰ ਵਰਤ ਕੇ ਕਿਸਾਨਾਂ ਅਤੇ ਉਤਪਾਦਕਾਂ ਲਈ ਨਵੇਂ ਬਜ਼ਾਰ ਅਤੇ ਆਮਦਨ ਦੇ ਸਰੋਤ ਵਿਕਸਿਤ ਕਰਨ, ਪੇਂਡੂ ਅਮਰੀਕਾ ਵਿੱਚ ਬੁਨਿਆਦੀ ਢਾਂਚੇ ਅਤੇ ਸਾਫ਼ ਊਰਜਾ ਦੀਆਂ ਸਮਰੱਥਾਵਾਂ ਵਿੱਚ ਇਤਿਹਾਸਕ ਨਿਵੇਸ਼ ਕਰਨ, ਅਤੇ ਪ੍ਰਣਾਲੀਗਤ ਰੁਕਾਵਟਾਂ ਨੂੰ ਦੂਰ ਅਤੇ ਅਮਰੀਕਾ ਦੀ ਵਧੇਰੀ ਨੁਮਾਇੰਦਗੀ ਕਰਨ ਵਾਲੇ ਕਰਮਚਾਰੀਆਂ ਨੂੰ ਤਿਆਰ ਕਰ ਕੇ ਪੂਰੇ ਡਿਪਾਰਟਮੈਂਟ ਵਿੱਚ ਨਿਰਪੱਖਤਾ ਲਈ ਵਚਨਬੱਧਤਾ ’ਤੇ ਵਧੇਰਾ ਧਿਆਨ ਕੇਂਦ੍ਰਿਤ ਕਰਦੇ ਹੋਏ ਅਮਰੀਕਾ ਦੀ ਭੋਜਨ ਪ੍ਰਣਾਲੀ ਨੂੰ ਬਦਲ ਰਿਹਾ ਹੈ। ਹੋਰ ਜਾਣਨ ਲਈ, www.usda.gov ’ਤੇ ਜਾਓ।

#

USDA ਇੱਕ ਸਮਾਨ ਮੌਕਾ ਪ੍ਰਦਾਤਾ, ਮਾਲਕ ਅਤੇ ਰਿਣਦਾਤਾ ਹੈ।